# ਸਾਧੂ ਜਨ ਇਹ ਬਾਣੀ ਰਸਨਾ ਭਾਖੀ

## ਸਾਰੰਗ ਮਹਲਾ ੫ ।।

## ਹਰਿ ਕੇ ਨਾਮ ਕੇ ਜਨ ਕਾਂਖੀ।।

## ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ।।੧।।ਰਹਾਉ ।।

ਇਹ ਸ਼ਬਦ ਸ੍ਰੀ ਗੁਰੂ ਅਰਜਨ ਪਾਤਸ਼ਾਹ ਦਾ, ਸਾਰੰਗ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੨੨੭ ਤੇ ਅੰਕਤ ਹੈ।

- - ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਹਰੀ ਦੇ ਜਨ, ਭਗਤ, ਹਰੀ ਦਾ ਨਾਮ ਜਪਣ ਦਾ ਚਾਅ ਰਖਦੇ ਹਨ।

ਉਹ, ਕਿਸੇ ਕੰਮ ਦੇ, ਜਾਂ ਕਿਸੇ ਹੋਰ ਲਾਲਚ ਅਧੀਨ, ਜਾਂ ਕਿਸੇ ਦਿਖਾਵੇ ਲਈ, ਜਾਂ ਕਿਸੇ ਤੇ ਅਹਿਸਾਨ ਕਰਣ ਲਈ, ਵਾਹਗੁਰੂ ਦਾ ਨਾਮ ਨਹੀਂ ਜਪਦੇ ਸਗੋਂ ਆਪਣੀ ਆਤਮਾ ਦੀ ਤ੍ਰਿਪਤੀ ਲਈ ਨਾਮ ਜਪਦੇ ਹਨ ਅਤੇ ਆਪਣੇ ਪਿਆਰੇ ਪ੍ਰਭੂ ਵਿਚ ਸਮਾਏ ਰਹਿੰਦੇ ਹਨ। ਮਹਾਰਾਜ ਨੇ ਸੁਖਮਨੀ ਸਾਹਿਬ ਵਿਚ , ਪੰਨਾ ੨੮੬ ਤੇ, ਇਸ ਬਾਰੇ ਇੰਞ ਫ਼ੁਰਮਾਣ ਕੀਤਾ ਹੈ - 'ਕਰਹਿ ਭਗਤਿ ਆਤਮ ਕੈ ਚਾਇ।। ਪ੍ਰਭ ਅਪਨੇ ਸਿਉ ਰਹਹਿ ਸਮਾਇ।।'

- - ਭਗਤ ਜਨ, ਹਮੇਸ਼ਾਂ, ਆਪਣੇ ਮਨ, ਤਨ ਅਤੇ ਬਚਨ ਨਾਲ, ਇਕੋ ਹੀ ਸੁਖ ਚਾਹੁੰਦੇ ਹਨ ਕਿ ਕਦੋਂ ਉਹ ਆਪਣੇ ਨੇਤਰਾਂ ਨਾਲ ਪ੍ਰਭੂ ਦੇ ਦਰਸ਼ਨ ਕਰਨਗੇ। ਉਨ੍ਹਾਂ ਲਈ ਪ੍ਰਭੂ ਦਾ ਦਰਸ਼ਨ ਹੀ ਸਭ ਤੋਂ ਵਡਾ ਸੁਖ ਹੈ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ਪੰਨਾ ੭੬੪ ਤੇ, ਉਚਾਰਣ ਕੀਤਾ ਹੈ ਕਿ ਜੀਵ ਇਸਤਰੀ ਆਪਣੇ ਸਜਣ, ਕੰਤ, ਪਤੀ ਦੇ ਦਰਸ਼ਨਾਂ ਦੀ ਅਭਿਲਾਖਾ ਕਰਦੀ ਹੈ, 'ਹੇ ਮੇਰੇ ਸਜਣ, ਰਾਮ ! ਮੈਨੂੰ ਸਦਾ, ਤੇਰੇ ਦਰਸ਼ਨ ਦੇਖਣ ਦੀ ਅਭਿਲਾਖਾ ਹੈ। ਮੈਂ ਆਪਣੇ ਘਰ, ਖੜੀ ਤਕਦੀ ਰਹਿੰਦੀ ਹਾਂ, ਤੇਰੇ ਦਰਸ਼ਨਾਂ ਦੀ ਮੈਨੂੰ ਤੀਬਰ ਅਭਿਲਾਖਾ, ਉਮੰਗ ਹੈ' - 'ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ।। ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ।।'

ਪੰਚਮ ਪਾਤਸ਼ਾਹ ਨੇ, ਪੰਨਾ ੭੪ ਤੇ, ਬਚਨ ਕੀਤਾ ਹੈ 'ਹੇ ਪ੍ਰਭੂ ! ਤੇਰੇ ਭਗਤਾਂ ਨੂੰ, ਸਦਾ ਤੇਰੀ ਹੀ ਭੁਖ ਲਗੀ ਰਹਿੰਦੀ ਹੈ, ਤੂੰ ਮੇਰੀਆਂ ਇਛਾਵਾਂ ਪੂਰੀਆਂ ਕਰ ਦੇ ਅਤੇ ਹੇ ਸੁਖਾਂ ਦੇ ਦਾਤੇ ! ਮੈਨੂੰ ਦਰਸ਼ਨ ਦੇ ਅਤੇ ਮੈਨੂੰ ਗਲਵਕੜੀ ਪਾ ਕੇ ਆਪਣੇ ਨਾਲ ਮਿਲਾ ਲੈ' - 'ਤੇਰਿਆ ਭਗਤਾ ਭੁਖ ਸਦ ਤੇਰੀਆ।। ਦੇਹੁ ਦਰਸੁ ਸੁਖ

ਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ।।', ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਦਸਦੇ ਹਨ ਕਿ ਗੁਰੂ ਦੇ ਸਿਖ ਨੂੰ ਗੁਰੂ ਦੇ ਨਾਲ ਗਲੇ ਲਗ ਕੇ ਮਿਲਣ ਦਾ ਚਾਉ ਹੁੰਦਾ ਹੈ - 'ਗੁਰ ਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ।।', ਪੰਨਾ ੧੬੪. ਸੋਢੀ ਸੁਲਤਾਨ ਨੇ ਦਰਸ਼ਨਾਂ ਲਈ ਮਿੰਨਤ, ਜੋਦੜੀ ਬਾਰੇ ਵੀ ਜ਼ਿਕਰ ਕੀਤਾ ਹੈ - 'ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।।' ਪੰਨਾ ੧੭੫ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਮੈਂ ਹਰੀ ਪ੍ਰਭੂ ਨੂੰ ਕਿਵੇਂ ਵੇਖਾਂ, ਮੇਰੇ ਮਨ ਤਨ ਵਿਚ ਚਾਉ ਹੈ - 'ਕਿਉ ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ।।' ਸ੍ਰੀ ਗੁਰੂ ਅਰਜਨ ਸਾਹਿਬ ਨੇ ਦਰਸ਼ਨਾਂ ਦੀ ਖਾਤਰ ਮਨ ਵਿਚ, ਵਿਰਾਗ ਪੈਦਾ ਹੋਣ ਦੀ ਗਲ ਕੀਤੀ ਹੈ ਅਤੇ ਇਸੇ ਵਿਰਾਗ ਵਿਚ, ਜਿਥੇ ਉਹ ਪਿਆਰਾ ਵਸਦਾ ਹੈ, ਉਸ ਥਾਂ ਨੂੰ ਵੀ ਧੰਨ ਕਿਹਾ ਹੈ - 'ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।। ਧੰਨੁ ਸੁ ਤੇਰਾ ਥਾਨੁ।।' ਪਾਤਸ਼ਾਹ, ੪੦੫ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਾ ਨਾਮ ਸੁਣ ਸੁਣ ਕੇ, ਉਸ ਨੂੰ ਵੇਖਣ ਦਾ ਚਾਉ ਪੈਦਾ ਹੋ ਗਿਆ ਹੈ। ਇਸ ਕਰਕੇ ਬੇਨਤੀ ਕੀਤੀ ਹੈ ਕਿ ਵਾਹਗੁਰੂ ਆਪਣੇ, ਇਸ ਕਿਰਮ ਜੰਤ ਨੂੰ ਦਰਸ਼ਨ ਦੇ ਦੇਵੇ, ਇਹੀ ਮੇਰਾ ਮਨੋਰਥ ਹੈ ਅਤੇ ਇਹੀ ਲੋੜ ਹੈ - 'ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ।। ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥ ਸੁਆਉ।।' ਭਗਤ ਰਵਿਦਾਸ ਜੀ ਵੀ, ਪੰਨਾ ੩੪੬ ਤੇ, ਉਸ, ਸਾਰੇ ਭਵਨਾਂ, ਜਹਾਨਾਂ ਦੇ ਨਾਇਕ, ਮਾਲਕ ਨੂੰ, ਇਕ ਛਿੰਨ ਲਈ ਦਰਸ਼ਨ ਦੇਣ ਦੀ ਜੋਦੜੀ ਕਰਦੇ ਹਨ - 'ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ।।'

**ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ।।**

**ਚਰਨ ਕਮਲ ਪ੍ਰੀਤਿ ਮਨੁ ਬੇਧਿਆ ਕਰਿ ਸਰਬਸੁ ਅੰਤਰਿ ਰਾਖੀ।।੧।।**

- - ਪਾਤਸ਼ਾਹ, ਫ਼ੁਰਮਾਣ ਕਰਦੇ ਹਨ ਕਿ ਹੇ ਪਾਰਬ੍ਰਹਮ ਸੁਆਮੀ ! ਤੂੰ ਬੇਅੰਤ ਹੈਂ, ਤੂੰ ਅਨੰਤ ਹੈਂ, ਤੇਰੀ ਵਡਿਆਈ, ਅਵੱਸਥਾ ਜਾਣੀ ਨਹੀਂ ਜਾ ਸਕਦੀ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੧੬੯ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਮੇਰੀ ਸਖੀਓ ! ਜ਼ਰਾ ਮੇਰੀ ਗਲ ਪ੍ਰੇਮ ਨਾਲ ਸੁਣੋ ਕਿ ਉਹ ਮੇਰਾ ਪਿਆਰਾ, ਰਸ ਦਾਇਕ ਪਤੀ, ਕੰਤ, ਜਿਸ ਸਖੀ ਦੇ ਵੀ ਅੰਗ ਸੰਗ ਹੈ, ਉਹੀ ਸੁਹਾਗਣ ਹੈ ਅਤੇ ਉਹ ਪਿਆਰਾ ਪ੍ਰਭੂ ਬਿਆਨ ਕਰਨ ਦੀ ਹੱਦ ਤੋਂ ਪਰ੍ਹਾਂ ਹੈ, ਮੈਨੂੰ ਤਾਂ ਮੇਰੇ ਗੁਰੂ ਨੇ, ਮੇਰਾ ਰਾਜਾ ਰਾਮ ਦਿਖਾ ਦਿਤਾ ਹੈ - 'ਮੇਰਾ ਪਿਰੁ ਰੀਸਾਲੂ ਸੰਗਿ ਸਾਇ।। ਓਹੁ ਅਲਖੁ ਨ ਲਖੀਐ ਕਹਹੁ ਕਾਇ।। ਗੁਰਿ ਸੰਗਿ ਦਿਖਾਇਓ ਰਾਮ ਰਾਇ।।', ਪੰਨਾ ੧੨੫੫ ਤੇ, ਪ੍ਰਭੂ ਨੂੰ ਅਲੱਖ, ਬਿਆਨ ਤੋਂ ਪਰ੍ਹਾਂ, ਅਪਹੁੰਚ,

ਜੂਨਾਂ ਤੋਂ ਰਹਿਤ ਅਤੇ ਵਡੇ ਵਡੇ, ਕਹਿੰਦੇ ਕਹਾਉਂਦੇ ਨਾਥਾਂ ਨੂੰ, ਨੱਥ ਪਾਉਣ ਵਾਲਾ, ਭਾਵ, ਕੰਟਰੋਲ ਕਰਣ ਵਾਲਾ ਦਸਿਆ ਹੈ - 'ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ।।'

ਚੌਥੇ ਪਾਤਸ਼ਾਹ ਵੀ ਪ੍ਰਭੂ ਦੀ ਵਡਿਆਈ ਕਰਦੇ ਹੋਏ, ਰਹਿਰਾਸ ਸਾਹਿਬ ਵਿਚ, ਪੰਨਾ ੧੧ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਤੂੰ ਬੇਅੰਤ ਹੈਂ ਬੇਅੰਤ ਹੈਂ, ਮੈਂ ਤੇਰੇ ਇਤਨੇ ਸਾਰੇ ਗੁਣ, ਕੀ ਕਹਿ ਕੇ ਬਖਾਨ ਕਰਾਂ, ਭਾਵ, ਬਿਆਨ ਕਰ ਸਕਣ ਦੇ ਅਸਮਰੱਥ ਹਾਂ - 'ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ।।' ਭਗਤ ਰਵਿਦਾਸ ਜੀ, ਪੰਨਾ ੩੪੬ ਤੇ, ਪ੍ਰਭੂ ਦੇ ਅਥਾਹ ਗੁਣਾਂ ਨੂੰ, ਆਪਣੀ, ਮਲੀਨ ਹੋਈ ਅਕਲ ਨਾਲ, ਬਿਆਨ ਕਰਨ ਦੀ ਅਸਮਰੱਥਾ ਜ਼ਾਹਿਰ ਕਰਦੇ ਹਨ - 'ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।।'

- - ਤੇਰੇ ਚਰਨ ਕਮਲਾਂ ਦੀ ਪ੍ਰੀਤ ਨਾਲ ਮੇਰਾ ਮਨ ਵਿੰਨ੍ਹਿਆ ਹੋਇਆ ਹੈ, ਤੇਰੀ ਪ੍ਰੀਤ ਨੂੰ ਹੀ ਮੈਂ ਆਪਣਾ ਸਭ ਕੁਝ ਮੰਨ ਕੇ, ਆਪਣੇ ਅੰਦਰ ਰਖਿਆ, ਟਿਕਾਇਆ ਹੋਇਆ ਹੈ।੧।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੧੨੨ ਤੇ, ਫ਼ੁਰਮਾਣ ਕਰਦੇ ਹਨ ਕਿ ਜਿਸ ਭਗਤ ਜਨ ਦਾ ਮਨ, ਪ੍ਰੇਮਾ ਭਗਤੀ ਵਿਚ ਵਿੰਨ੍ਹਿਆਂ ਜਾਂਦਾ ਹੈ, ਉਹ ਹੋਰ ਕਿਧਰੇ ਨਹੀਂ ਜਾ ਸਕਦਾ, ਜਿਵੇਂ ਮੱਛੀ, ਪਾਣੀ ਦਾ ਵਿਛੋੜਾ ਨਹੀਂ ਸਹਿ ਸਕਦੀ ਅਤੇ ਉਸ ਤੋਂ ਬਿਨਾਂ ਮਰ ਜਾਂਦੀ ਹੈ - 'ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ।। ਮੀਨੁ ਬਿਛੋਹਾ ਨ ਸਹੈ ਜਲ ਬਿਨੁ ਮਰਿ ਪਾਹੀ।।'

ਭਗਤ ਕਬੀਰ ਜੀ, ਆਪਣੇ ਸਲੋਕਾਂ ਵਿਚ, ਪੰਨਾ ੧੩੬੯ ਤੇ, 'ਰਾਮ' ਦੀ ਪ੍ਰੀਤ ਦੇ ਸਾਹਮਣੇ, ਆਪਣੇ ਤਨ ਅਤੇ ਧਨ ਨੂੰ ਵੀ ਨਿਛਾਵਰ ਕਰਣ ਲਈ ਤਿਆਰ ਹਨ ਕਿਉਂਕਿ ਉਨ੍ਹਾਂ ਦਾ ਚਿਤ ਪ੍ਰਭੂ ਦੇ ਚਰਣ ਕੰਵਲਾਂ ਵਿਚ ਵਿੰਨ੍ਹਿਆਂ ਗਿਆ ਹੈ ਅਤੇ ਉਸਦੇ ਨਾਮ ਵਿਚ, ਸਮਾਅ ਜਾਣਾ ਚਾਹੁੰਦੇ ਹਨ - 'ਕਬੀਰ ਰਾਮ ਨ ਛੋਡੀਐ ਤਨੁ ਧਨੁ ਜਾਇ ਤ ਜਾਉ।। ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ।।'

**ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ।।**

**ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ।।੨।।**

- - ਸਮੇਂ ਸਮੇਂ ਤੇ ਅਨੇਕ ਸਾਧੂਆਂ, ਮਹਾਂਪੁਰਖਾਂ ਨੇ, ਜੋ, ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਆਦਿ, ਵਖ ਵਖ ਧਰਮ ਗ੍ਰੰਥਾਂ ਦੇ ਰੂਪ ਵਿਚ, ਆਪਣੀ ਰਸਨਾ ਤੋਂ

ਬਾਣੀ ਉਚਾਰਣ ਕੀਤੀ, ਉਨ੍ਹਾਂ ਨੇ ਇਹੀ ਕਿਹਾ :

- - ਪੰਜਵੇਂ ਨਾਨਕ ਗਵਾਹੀ ਭਰਦੇ ਹਨ ਕਿ, ਉਨ੍ਹਾਂ ਸਾਰੇ ਮਹਾਂਪੁਰਖਾਂ ਦਾ ਇਕ ਮਤ ਹੈ ਕਿ 'ਰਾਮ', ਪ੍ਰਭੂ ਦਾ ਨਾਮ ਜਪ ਕੇ ਹੀ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ, ਬਾਕੀ ਹੋਰ ਦੂਜੀਆਂ ਗਲਾਂ ਵਿਅਰਥ ਹਨ, ਭਾਵ, ਹੋਰ ਕੋਈ ਵੀ ਸਾਧਨ, ਸੰਸਾਰ ਸਾਗਰ ਤੋਂ ਪਾਰ ਨਹੀਂ ਕਰਵਾ ਸਕਦੇ।

ਨੋਟ ਕਰਣ ਵਾਲੀ ਗਲ ਹੈ ਕਿ, ਪਾਤਸ਼ਾਹ, ਇਨ੍ਹਾਂ ਮਹਾਂਪੁਰਖਾਂ ਦੀਆਂ ਰਚਨਾਵਾਂ ਲਈ 'ਬਾਣੀ' ਲਫਜ਼ ਵਰਤ ਰਹੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੫੭ ਤੇ, ਬਚਨ ਕੀਤਾ ਹੈ ਕਿ ਜੋ ਵੇਦ, ਆਦਿਕ, ਗ੍ਰੰਥ ਪੁਕਾਰ ਰਹੇ ਹਨ, ਅਤੇ ਜੋ ਬਿਆਸ ਆਦਿ ਰਿਖੀਆਂ ਨੇ '**ਬ੍ਰਹਮ ਬਾਣੀ**' ਦਾ ਉਚਾਰਣ ਕੀਤਾ ਹੈ, ਉਸ ਨੂੰ ਵਾਚੀਏ। ਇਹ ਸਾਰੇ, ਮੁਨੀ, ਭਗਤ ਜਨ, ਸੇਵਕ, ਸਾਧਕ, ਨਾਮ ਨਾਲ ਰੰਗੇ ਹੋਏ ਸਨ ਅਤੇ ਗੁਣਾਂ ਦਾ ਖਜ਼ਾਨਾ ਸਨ। ਉਹ ਸਾਰੇ ਕਹਿ ਗਏ ਕਿ ਜੋ ਸਚ ਪ੍ਰਭੂ ਦੇ ਨਾਮ ਨਾਲ ਰੰਗੇ ਗਏ, ਉਹੀ, ਜੀਵਨ ਦੀ ਬਾਜ਼ੀ ਜਿਤ ਗਏ ਅਤੇ ਉਨ੍ਹਾਂ ਤੋਂ ਬਲਿਹਾਰ ਜਾਈਏ। ਇਸ ਤੋਂ ਉਲਟ, ਜਿਨ੍ਹਾਂ ਦੇ ਮੁਖ ਵਿਚ ਪ੍ਰਭੂ ਦਾ ਨਾਮ ਨਹੀਂ, ਉਹ ਚਾਰੇ ਜੁਗਾਂ ਵਿਚ ਹੀ ਮਲ ਨਾਲ, ਮੈਲ ਦੇ ਭਰੇ ਹੋਏ ਹਨ। ਪ੍ਰੇਮਾ ਭਗਤੀ ਤੋਂ ਵਾਂਝੇ ਮਨੁਖਾਂ ਦੇ ਮੂੰਹ ਕਾਲੇ ਹੁੰਦੇ ਹਨ ਅਤੇ ਉਹ ਪ੍ਰਭੂ ਦੇ ਦਰਬਾਰ ਵਿਚੋਂ ਆਪਣੀ ਇਜ਼ਤ ਗਵਾ ਬੈਠਦੇ ਹਨ - 'ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।। ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ।। ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ।। ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ।। ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ।।' ਇਥੇ, ਇਨ੍ਹਾਂ ਸਾਰੇ ਮਹਾਂਪੁਰਖਾਂ ਦੇ ਉਚਾਰਣ ਕੀਤੇ ਬਚਨਾਂ ਨੂੰ, ਸ੍ਰੀ ਗੁਰੂ ਨਾਨਕ ਸਾਹਿਬ ਨੇ '**ਬ੍ਰਹਮ ਬਾਣੀ**' ਦਸਿਆ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੯੫੧ ਤੇ, ਫ਼ੁਰਮਾਣ ਕਰਦੇ ਹਨ ਕਿ ਬੇਸ਼ਕ ਸਿਮ੍ਰਿਤੀਆਂ ਸ਼ਾਸਤਰਾਂ ਨੂੰ, ਭਾਵੇਂ ਰਿਖੀ ਬਿਆਸ ਦੇ, ਸੁਕਦੇਉ ਦੇ, ਜਾਂ ਨਾਰਦ ਦੇ 'ਬਚਨ' ਸੁਣ ਲਉ, ਜੋ ਉਨ੍ਹਾਂ ਨੇ **ਸਾਰੀ ਸ੍ਰਿਸ਼ਟੀ ਲਈ** ਕੀਤੇ ਹਨ। ਭਾਵ, ਇਹ ਬਚਨ ਕਿਸੇ ਇਕ ਫਿਰਕੇ ਵਿਸ਼ੇਸ਼ ਲਈ ਨਹੀਂ, ਸਗੋਂ ਸਾਰੀ ਮਨੁਖਤਾ ਲਈ ਹਨ। ਸਾਰਿਆਂ ਨੇ ਹੀ ਇਹੀ ਉਪਦੇਸ਼ ਦਿਤਾ ਹੈ ਕਿ ਜਿਨ੍ਹਾਂ ਨੂੰ ਪਰਮੇਸ਼ਰ ਨੇ ਲਾਇਆ ਹੈ, ਉਹ ਸਚ ਨਾਲ ਲਗੇ ਹਨ ਅਤੇ ਸਦਾ ਸਚੇ ਨੂੰ ਸਮਾਲਦੇ, ਭਾਵ, ਉਸ ਦਾ ਸਿਮਰਣ ਕਰਦੇ ਹਨ। ਅਜਿਹੇ ਜਨ ਹੀ ਪਰਵਾਣ ਹੋ ਜਾਂਦੇ ਹਨ ਅਤੇ ਆਪਣੀਆਂ ਸਾਰੀਆ ਕੁਲਾਂ ਤਾਰ ਦਿੰਦੇ ਹਨ - 'ਜਾਇ ਪੁਛਹੁ

ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ।। ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ।। ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ।।' ਇਥੇ, ਪਾਤਸ਼ਾਹ, ਇਨ੍ਹਾਂ ਪੋਥੀਆਂ ਅਤੇ ਮਹਾਂਪੁਰਖਾਂ ਦੇ ਬੋਲਾਂ ਨੂੰ 'ਬਚਨ' ਕਹਿ ਰਹੇ ਹਨ। ਦੁਨੀਆਂ ਤੇ ਆਇਆ ਕੋਈ ਵੀ ਮਹਾਤਮਾ, ਕਿਸੇ ਫ਼ਿਰਕੇ ਵਿਸ਼ੇਸ਼ ਦਾ ਨਹੀਂ ਸਗੋਂ, ਸਾਰੀ ਸ੍ਰਿਸ਼ਟੀ ਲਈ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਵੀ ਇਸ ਤੱਥ ਦੀ ਪ੍ਰੋੜਤਾ ਕਰ ਰਹੇ ਹਨ। ਉਨ੍ਹਾਂ ਦੇ ਬਚਨ ਹਨ ਕਿ ਮਹਾਂਪੁਰਖ ਜਿਸ ਮਰਜ਼ੀ ਪ੍ਰਥਾਇੰ ਬਚਨ ਕਰਣ ਪਰ ਉਨ੍ਹਾਂ ਦਾ ਉਪਦੇਸ਼ ਸਾਰੇ ਜਹਾਨ ਲਈ ਸਾਂਝਾ ਹੁੰਦਾ ਹੈ - 'ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।।' ਕੋਈ ਵੀ ਮਹਾਤਮਾ, ਨਾ ਈਸਾਈਆਂ ਦਾ ਹੁੰਦਾ ਹੈ, ਨਾ ਮੁਸਲਮਾਨਾਂ ਦਾ, ਨਾ ਹਿੰਦੂਆਂ ਦਾ ਅਤੇ ਨਾ ਸਿਖਾਂ ਦਾ। ਮਹਾਤਮਾ, ਸਾਰੀ ਕਾਇਨਾਤ ਦੇ ਸਾਂਝੇ ਹੁੰਦੇ ਹਨ।ਮਨੁਖ ਦਾ ਤੰਗ ਨਜ਼ਰੀਆ ਹੀ ਵੰਡੀਆਂ ਪਾਉਂਦਾ ਹੈ, ਜਿਵੇਂ ਅਜ ਹਿੰਦੂ, ਸਿਖਾਂ, ਮੁਸਲਮਾਨਾਂ ਦਾ "ਆਪੋ ਆਪਣੇ" ਗੁਰੂ ਪੀਰਾਂ ਅਵਤਾਰਾਂ ਦੀਆਂ ਵੰਡੀਆਂ ਦਾ ਰੌਲਾ ਪਿਆ ਹੋਇਆ ਹੈ। ਗੁਰੂ ਸਾਹਿਬਾਨ ਦੀਆਂ ਇਹ ਪੰਕਤੀਆਂ, ਇਸ ਰੌਲੇ ਨੂੰ ਮੁਕਾਣ ਲਈ ਕਾਫ਼ੀ ਹੋਣੀਆਂ ਚਾਹੀਦੀਆਂ ਹਨ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੭੬੧ ਤੇ, ਇੰਨ ਬਿਨ, ਗਵਾਹੀ ਭਰ ਰਹੇ ਹਨ ਕਿ ਸਿਮ੍ਰਿਤਿਆਂ, ਵੇਦ, ਪੁਰਾਣ ਆਦਿ, ਸਾਰੀਆਂ ਪੋਥੀਆਂ, ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ ਕਿ ਪ੍ਰਭੂ ਦੇ ਨਾਮ ਜਪਣ ਤੋਂ ਬਿਨਾਂ, ਸਭ ਕੂੜ ਹੈ, ਨਿਰੱਰਥਕ ਹੈ ਅਤੇ ਹੋਛੀਆਂ, ਘਟੀਆ, ਗਲਾਂ ਹਨ - 'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆਂ।। ਨਾਮ ਬਿਨਾ ਸਭ ਕੂੜੁ ਗਾਲੀ ਹੋਛੀਆ।।' ਇਥੇ ਇਨ੍ਹਾਂ ਗ੍ਰੰਥਾਂ ਨੂੰ, ਮਹਾਰਾਜ ਨੇ 'ਪੋਥੀਆਂ' ਕਿਹਾ ਹੈ।

ਪੰਨਾ ੨੬੦ ਤੇ, ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ ਹੇ ਵਾਹਿਗੁਰੂ ! ਮੈਂ ਸਭ ਤਰੀਕੇ ਕਰ ਕੇ ਵੇਖ ਲਏ ਹਨ, ਹਾਰ ਕੇ ਮੈਂ ਤੇਰੀ ਸਰਨ ਆਇਆ ਹਾਂ। ਸਾਰੇ ਸ਼ਾਸਤਰ, ਸਿਮ੍ਰਿਤੀਆਂ, ਵੇਦ ਵੀ ਮੈਂ ਸੋਧ ਸੋਧ ਕੇ ਵਿਚਾਰ ਕੇ ਵੇਖ ਲਏ ਹਨ। ਇਹ ਸਾਰੇ ਵੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਹਰੀ, ਪ੍ਰਭੂ ਦੇ ਸਿਮਰਣ, ਭਜਨ ਤੋਂ ਬਿਨਾਂ, ਜਨਮ ਮਰਨ ਤੋਂ ਛੁਟਕਾਰਾ ਸੰਭਵ ਹੀ ਨਹੀਂ - 'ਸਸਾ ਸਰਨਿ ਪਰੇ ਅਬ ਹਾਰੇ।। ਸਾਸਤ੍ਰ ਸਿਮ੍ਰਿਤਿ ਬੇਦ ਪੁਕਾਰੇ।। ਸੋਧਤ ਸੋਧਤ ਸੋਧ ਬੀਚਾਰਾ।। ਬਿਨੁ ਹਰਿ ਭਜਨ ਨਹੀ ਛੁਟਕਾਰਾ।।' ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੫ ਤੇ, ਫ਼ੁਰਮਾਣ ਕਰਦੇ ਹਨ ਕਿ ਕਿ ਬੇਸ਼ਕ, ਸਿਮ੍ਰਿਤੀਆਂ, ਸ਼ਾਸਤਰ ਆਦਿ ਧਰਮ ਗ੍ਰੰਥ, ਪੜ੍ਹ ਕੇ, ਵਿਚਾਰ ਕੇ ਵੇਖ ਲਉ, ਆਪਣੇ ਮਨ ਦੇ

ਹਠ ਅਤੇ ਉਪਾਅ ਅਤੇ ਜਤਨਾਂ ਨਾਲ ਪ੍ਰਾਪਤੀ ਨਹੀਂ ਹੁੰਦੀ, ਇਹ ਸਿਰਫ਼ ਸਾਧੂ ਦੀ ਸੰਗਤਿ ਕਰਦਿਆਂ, ਗੁਰੂ ਦੇ ਸ਼ਬਦ, ਗੁਰ ਮੰਤਰ ਦੀ ਕਮਾਈ ਕਰਨ ਨਾਲ ਹੀ ਹੁੰਦੀ ਹੈ - 'ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ।। ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ।।'

ਵਾਹਗੁਰੂ ਦੇ ਨਾਮ ਨੂੰ ਸਿਮਰਣ ਤੋਂ ਬਿਨਾਂ ਸਭ ਕੁਝ ਵਿਅਰਥ ਅਤੇ ਫ਼ੋਕਟ ਹੈ।



7.9.2020